MOOD DISORDERS ASSOCIATION
OF BRITISH COLUMBIA

# ਮੂਡ ਡਿਸਆਰਡਰ ਐਸੋਸੀਏਸ਼ਨ ਆਫ ਬੀ. ਸੀ.

Punjabi Language

BIPOLAR DISORDER:

# ਬਾਈਪੋਲਰ ਰੋਗ

## electro-convulsive therapy (ECT)

## ਬਿਜਲੀ ਲਾ ਕੇ ਇਲਾਜ ਕਰਨਾ

**ਬਾਈਪੋਲਰ ਰੋਗ ਦੇ ਇਲਾਜ ਵਿੱਚ ਕਦੇ ਕਦੇ ਇਲੈਕਟ੍ਰੋਕਨਵਲਸਿਵ ਥੈਰੇਪੀ (ਈ ਸੀ ਟੀ) Electroconvulsive Therapy (ECT) ਦੀ ਵਰਤੋਂ ਕੀਤੀ ਜਾਂਦੀ ਹੈ।**

ਈ ਸੀ ਟੀ ਸਭ ਤੋਂ ਪਹਿਲਾਂ 1930 ਵਿੱਚ ਬਣਾਈ ਗਈ ਸੀ। ਇਸਦੀ ਵਰਤੋਂ ਆਮ ਤੌਰ ਤੇ ਉਹਨਾਂ ਵਿਅਕਤੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ ਜਿਹਨਾਂ ਨੂੰ ਗੰਭੀਰ ਉਦਾਸੀ ਰੋਗ ਹੁੰਦਾ ਹੈ ਅਤੇ ਦਵਾਈ ਨਾਲ ਲਾਭ ਨਹੀਂ ਹੁੰਦਾ। ਮੇਨੀਆ ਜਾਂ ਉਦਾਸੀ ਦੇ ਗੰਭੀਰ ਦੌਰਿਆਂ ਦੌਰਾਨ ਬਾਈਪੋਲਰ ਰੋਗ ਨੂੰ ਸਥਿਰ ਕਰਨ ਲਈ ਵੀ ਈ ਸੀ ਟੀ ਦੀ ਵਰਤੋਂ ਕੀਤੀ ਜਾਂਦੀ ਹੈ।

ਅਜੇਹੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ ਜਿਹਨਾਂ ਲਈ ਈ ਸੀ ਟੀ ਵਧੇਰੇ ਅਸਰਦਾਰ ਅਤੇ ਵਧੇਰੇ ਚਿਰ ਰਹਿਣ ਵਾਲਾ ਇਲਾਜ ਹੋ ਸਕਦੀ ਹੈ। ਈ ਸੀ ਟੀ ਦੀ ਉਸ ਮਰੀਜ਼ ਲਈ ਸਿਫਾਰਸ਼ ਕੀਤੀ ਜਾ ਸਕਦੀ ਹੈ ਜਿਸਨੂੰ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ (ਆਤਮ ਹੱਤਿਆ ਕਰਨ) ਦਾ ਖਤਰਾ ਹੁੰਦਾ ਹੈ। ਈ ਸੀ ਟੀ ਦੀ ਵਰਤੋਂ ਉਸ ਸਮੇਂ ਵੀ ਕੀਤੀ ਜਾਂਦੀ ਹੈ ਜਦੋਂ ਦਵਾਈਆਂ ਲੱਛਣਾਂ ਨੂੰ ਕਾਬੂ ਵਿੱਚ ਰੱਖਣ ਵਿੱਚ ਸਹਾਈ ਨਹੀਂ ਹੁੰਦੀਆਂ ਜਾਂ ਜਦੋਂ ਮਰੀਜ਼ ਦਵਾਈ ਦੇ ਮਾੜੇ-ਅਸਰਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਈ ਸੀ ਟੀ ਦੀ ਵਰਤੋਂ ਉਹਨਾਂ ਹਾਲਤਾਂ ਵਿੱਚ ਵੀ ਕੀਤੀ ਜਾਂਦੀ ਹੈ ਜਿੱਥੇ ਗਰਭ ਅਵਸਥਾ ਅਤੇ ਹੋਰ ਡਾਕਟਰੀ ਹਾਲਤਾਂ ਕਰਕੇ, ਦਵਾਈਆਂ ਦੀ ਵਰਤੋਂ ਖਤਰੇ ਤੋਂ ਖਾਲੀ ਨਹੀਂ ਹੁੰਦੀ। ਈ ਸੀ ਟੀ ਬਜ਼ੁਰਗਾਂ ਨੂੰ ਵੀ ਦਿੱਤੀ ਜਾ ਸਕਦੀ ਹੈ ਜਿਹੜੇ ਕਈ ਤਰਾਂ ਦੀਆਂ ਦਵਾਈਆਂ ਲੈਂਦੇ ਹਨ ਅਤੇ ਹੋਰ ਦਵਾਈਆਂ ਨਹੀਂ ਲੈ ਸਕਦੇ।

ਈ ਸੀ ਟੀ ਇੱਕ ਅਜੇਹਾ ਡਾਕਟਰੀ ਢੰਗ ਹੈ ਜਿਸ ਵਿੱਚ ਬਹੁਤ ਹਲਕੀ ਬਿਜਲੀ ਦੀ ਤਰੰਗ ਨੂੰ ਦਿਮਾਗ ਰਾਹੀਂ ਭੇਜਿਆ ਜਾਂਦਾ ਹੈ।ਪੱਠਿਆਂ ਨੂੰ ਢਿੱਲੇ ਕਰਨ ਲਈ ਪਹਿਲਾਂ ਦਵਾਈ ਦਿੱਤੀ ਜਾਂਦੀ ਹੈ ਅਤੇ ਮਰੀਜ਼ ਨੂੰ ਸੁਲਾ ਦਿੱਤਾ ਜਾਂਦਾ ਹੈ ਤਾਂ ਜੋ ਉਹ ਇਸ ਕਾਰਵਾਈ ਸਮੇਂ ਹੋਸ਼ ਵਿੱਚ ਨਾ ਹੋਵੇ। ਫਿਰ ਮਰੀਜ਼ ਦੇ ਸਿਰ ਦੇ ਇੱਕ ਪਾਸੇ ਰੱਖੇ ਇਲਕੈਟ੍ਰੋਡਜ਼ ਰਾਹੀਂ ਥੋੜ੍ਹਾ ਜਿਹਾ ਬਿਜਲੀ ਦਾ ਕਰੰਟ ਭੇਜਿਆ ਜਾਂਦਾ ਹੈ। ਇਹ ਬਿਜਲਈ ਚਾਰਜ 1 ਤੋਂ 4 ਸੈਕੰਡ ਰਹਿੰਦਾ ਹੈ ਅਤੇ ਇਸ ਨਾਲ ਇੱਕ ਦੌਰਾ ਪੈਂਦਾ ਹੈ ਜਿਹੜਾ ਤਕਰੀਬਨ 30 ਤੋਂ 60 ਸੈਕੰਡ ਰਹਿੰਦਾ ਹੈ।

ਇਸ ਕਾਰਵਾਈ ਸਮੇਂ ਡਾਕਟਰੀ ਅਮਲਾ ਦਿਲ ਦੀ ਧੜਕਣ ਦੀ ਦਰ, ਖ਼ੂਨ ਦੇ ਦੌਰੇ ਅਤੇ ਦਿਮਾਗੀ ਤਰੰਗਾਂ ਦਾ ਧਿਆਨ ਰੱਖਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਭ ਕੁੱਝ ਠੀਕ-ਠਾਕ ਹੈ।

ਕਈ ਵਾਰ ਇਲਾਜ ਕਰਾਉਣ ਨਾਲ ਮਰੀਜ਼ ਦੀ ਹਾਲਤ ਅਕਸਰ ਸੁਧਰ ਜਾਂਦੀ ਹੈ। ਕੁੱਝ ਤਬਦੀਲੀਆਂ ਪਹਿਲੇ ਇਲਾਜ ਤੋਂ ਤੁਰੰਤ ਬਾਅਦ ਹੋ ਸਕਦੀਆਂ ਹਨ। ਭਾਵੇਂ ਇਲਾਜ ਦੀ ਗਿਣਤੀ ਮਰੀਜ਼ ਤੇ ਨਿਰਭਰ ਕਰਦੀ ਹੈ, ਪਰ ਔਸਤਨ ਗਿਣਤੀ 6 ਤੋਂ 12 ਹੁੰਦੀ ਹੈ। ਕੁੱਝ ਹਾਲਤਾਂ ਵਿੱਚ ਹਰ ਮਹੀਨੇ ਇਕ ਵਾਰੀ ਇਲਾਜ ਦੀ ਸਲਾਹ ਦਿੱਤੀ ਜਾ ਸਕਦੀ ਹੈ। ਈ ਸੀ ਟੀ ਤੋਂ ਬਾਅਦ ਵਾਲੇ (ਫਾਲੋ-ਅੱਪ) ਇਲਾਜ ਲਈ ਦਵਾਈਆਂ ਅਤੇ ਚਕਿਤਸਾ/ਥੈਰੇਪੀ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।

ਕੁੱਝ ਲੋਕਾਂ ਲਈ, ਈ ਸੀ ਟੀ ਸਭ ਤੋਂ ਸੁਰੱਖਿਅਤ ਕਿਸਮ ਦਾ ਇਲਾਜ ਹੋ ਸਕਦੀ ਹੈ। ਇਸ ਨਾਲ ਦਵਾਈਆਂ ਨਾਲੋਂ ਵਧੇਰੇ ਛੇਤੀ ਬਿਮਾਰੀ ਦੇ ਲੱਛਣਾਂ ਤੋਂ ਆਰਾਮ ਮਿਲ ਸਕਦਾ ਹੈ।

ਅੱਜਕਲ ਈ ਸੀ ਟੀ ਬਾਈਪੋਲਰ ਰੋਗ ਦਾ ਇਲਾਜ ਕਰਨ ਲਈ ਸੁਰੱਖਿਅਤ ਅਤੇ ਅਸਰਦਾਰ ਢੰਗ ਹੈ। ਸਾਰੇ ਡਾਕਟਰੀ ਇਲਾਜਾਂ ਦੀ ਤਰਾਂ ਇਸ ਕਿਸਮ ਦੇ ਇਲਾਜ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰਨੀ ਜ਼ਰੂਰੀ ਹੈ ਤਾਂ ਜੋ ਤੁਸੀਂ ਇਹ ਪਤਾ ਕਰ ਸਕੋ ਕਿ ਇਹ ਤੁਹਾਡੇ ਲਈ ਸਹੀ ਇਲਾਜ ਹੈ।

ਜੇ ਕੋਈ ਮਾੜੇ-ਅਸਰ ਹੋਣ ਤਾਂ ਉਹਨਾਂ ਬਾਰੇ ਆਪਣੇ ਡਾਕਟਰ ਨੂੰ ਦੱਸੋ ਤਾਂ ਜੋ ਉਹ ਉਹਨਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰ ਸਕਣ।

## ਇਹ ਕਿਵੇਂ ਕੰਮ ਕਰਦੀ ਹੈ?
## How Does It Work?

ਭਾਵੇਂ ਇਹ ਪੂਰਾ ਪਤਾ ਨਹੀਂ ਕਿ ਈ ਸੀ ਟੀ ਕਿਵੇਂ ਕੰਮ ਕਰਦੀ ਹੈ, ਪਰ ਮੌਜੂਦਾ ਜਾਣਕਾਰੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਨਾਲ ਦਿਮਾਗ ਦੀ ਰਸਾਇਣਕ ਬਣਤਰ ਵਿੱਚ ਤਬਦੀਲੀਆਂ ਆਉਂਦੀਆਂ ਹਨ (ਜਿਵੇਂ ਕਿ ਦਵਾਈਆਂ ਨਾਲ ਹੁੰਦਾ ਹੈ)।

ਹਰੇਕ ਡਾਕਟਰੀ ਇਲਾਜ ਦੀ ਤਰਾਂ, ਇਸਦੇ ਖਤਰਿਆਂ ਦਾ ਲਾਭਾਂ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਅਜੇਹਾ ਕਰਦੇ ਵਕਤ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਈ ਸੀ ਟੀ ਆਮ ਤੌਰ ਤੇ ਉਹਨਾਂ ਮਰੀਜ਼ਾਂ ਦੇ ਇਲਾਜ ਲਈ ਹੈ ਜਿਹਨਾਂ ਦਾ ਇਲਾਜ ਬਹੁਤ ਜਰੂਰੀ ਹੈ ਜਾਂ ਉਹ ਜਿਹਨਾਂ ਨੂੰ ਹੋਰ ਇਲਾਜਾਂ ਨਾਲ ਫਰਕ ਨਹੀਂ ਪਿਆ ਜਾਂ ਜਿਹੜੇ ਖੁਦਕਸ਼ੀ ਕਰ ਸਕਦੇ ਹਨ।

## ਖਤਰੇ ਅਤੇ ਮਾੜੇ-ਅਸਰ
## Risks and Side Effects

ਡਾਕਟਰੀ ਦੇ ਹੋਰ ਬਹੁਤੇ ਇਲਾਜਾਂ ਦੀ ਤਰਾਂ ਈ ਸੀ ਟੀ ਦੇ ਵੀ ਖਤਰੇ ਅਤੇ ਸੰਭਾਵੀ ਮਾੜੇ-ਅਸਰ ਹਨ। ਇਹ ਖਤਰਾ ਹੈ ਕਿ ਦੌਰੇ ਨਾਲ ਮੇਨੀਆ ਦਾ ਦੌਰਾ ਸ਼ੁਰੂ ਹੋ ਸਕਦਾ ਹੈ। ਇਸ ਨਾਲ ਨਿਪਟਣ ਲਈ ਡਾਕਟਰਾਂ ਕੋਲ ਢੰਗ ਤਰੀਕੇ ਹਨ, ਜਿਵੇਂ ਕਿ ਦਵਾਈ ਨਾਲ ਇਲਾਜ।

ਸ਼ੁਰੂ ਵਿੱਚ ਥੋੜ-ਚਿਰੀ ਯਾਦਾਸ਼ਤ (Short-term memory) ਕੁੱਝ ਕਮਜ਼ੋਰ ਹੋ ਸਕਦੀ ਹੈ ਅਤੇ ਹੋ ਸਕਦਾ ਕਿ ਮਰੀਜ਼ ਨੂੰ ਪਤਾ ਨਾ ਲੱਗੇ ਕਿ ਕੀ ਹੋ ਰਿਹਾ ਹੈ, ਪਰ ਇਹ ਹਾਲਤ ਆਮ ਤੌਰ ਤੇ ਕੁੱਝ ਘੰਟੇ ਹੀ ਰਹਿੰਦੀ ਹੈ। ਕਦੇ ਕਦੇ ਮਰੀਜ਼ ਈ ਸੀ ਟੀ ਦੇ ਇਲਾਜ ਦੇ ਸਮੇਂ ਦੇ ਨੇੜੇ ਤੇੜੇ ਵਾਪਰੀਆਂ ਘਟਨਾਵਾਂ ਨੂੰ ਭੁੱਲ ਸਕਦੇ ਹਨ। ਕੁੱਝ ਲੋਕਾਂ ਦੀ ਲੰਬੇ ਸਮੇਂ ਵਾਲੀ ਯਾਦਾਸ਼ਤ ਵੀ ਘੱਟ ਸਕਦੀ ਹੈ।

ਹੋਰ ਮਾੜੇ-ਅਸਰਾਂ ਵਿੱਚ ਸ਼ਾਮਲ ਹਨ ਪੱਠਿਆਂ, ਜਬ੍ਹਾੜੇ ਅਤੇ ਸਿਰ ਵਿੱਚ ਦਰਦ, ਜਿਹੜੇ ਆਮ ਤੌਰ ਤੇ ਕੁੱਝ ਘੰਟਿਆਂ ਬਾਅਦ ਹੱਟ ਜਾਂਦੇ ਹਨ ਅਤੇ ਅਕਸਰ ਸਾਧਾਰਨ ਟਾਈਲਾਨੌਲ ਲੈਣ ਨਾਲ ਇਹਨਾਂ ਤੋਂ ਆਰਾਮ ਮਿਲ ਜਾਂਦਾ ਹੈ। ਈ ਸੀ ਟੀ ਦੇ ਹੋਰ ਖਤਰੇ ਥੋੜ੍ਹੇ ਸਮੇਂ ਲਈ ਆਮ ਸੁੰਨ ਕਰਨ ਦੀ ਦਵਾਈ ਦੀ ਵਰਤੋਂ ਨਾਲ ਸਬੰਧਤ ਹਨ।

ਖੋਜ ਕਰਨ ‘ਤੇ ਪਤਾ ਲੱਗਿਆ ਹੈ ਕਿ ਈ ਸੀ ਟੀ ਲੈਣ ਜਾਂ ਨਾ ਲੈਣ ਵਾਲੇ ਲੋਕਾਂ ਵਿਚਕਾਰ ਦਿਮਾਗੀ ਜਾਂ ਯਾਦ ਸ਼ਕਤੀ ਵਿੱਚ ਕੋਈ ਫ਼ਰਕ ਨਹੀਂ ਵੇਖਿਆ ਗਿਆ।

## ਇਹ ਇਲਾਜ ਕਿੰਨਾ ਕੁ ਅਸਰਦਾਰ ਹੈ?
## Effectiveness

ਈ ਸੀ ਟੀ ਨਾਲ ਉਹਨਾਂ ਮਰੀਜ਼ਾਂ ਦੀ ਹਾਲਤ ਵਿੱਚ ਵੱਡਾ ਸੁਧਾਰ ਹੋਣ ਦਾ ਪਤਾ ਲੱਗਿਆ ਹੈ ਜਿਹਨਾਂ ਤੇ ਹੋਰ ਇਲਾਜਾਂ ਨਾਲ ਚੰਗਾ ਅਸਰ ਨਹੀਂ ਸੀ ਹੋਇਆ। ਉਦਾਹਰਣ ਲਈ 50 ਤੋਂ 70 ਫੀ ਸਦੀ ਅਜੇਹੇ ਲੋਕ ਜਿਹਨਾਂ ‘ਤੇ ਦਵਾਈਆਂ ਦਾ ਕੋਈ ਅਸਰ ਨਹੀਂ ਹੋਇਆ, ਉਹਨਾਂ ਤੇ ਈ ਸੀ ਟੀ ਦਾ ਚੰਗਾ ਅਸਰ ਹੁੰਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਈ ਸੀ ਟੀ ਉਹਨਾਂ ਕਈ ਇਲਾਜਾਂ ਵਿੱਚੋਂ ਇੱਕ ਹੈ ਜਿਹੜੀ ਗੰਭੀਰ ਮਾਨਸਿਕ ਬਿਮਾਰੀ ਵਾਲੇ ਲੋਕਾਂ ਦੇ ਲੱਛਣਾਂ ਨੂੰ ਸੁਧਾਰਣ ਵਿੱਚ ਮੱਦਦ ਕਰ ਸਕਦੀ ਹੈ।

ਇਸ ਦਾ ਨਿਰਮਾਣ ਬ੍ਰਿਟਿਸ਼ ਕੋਲੰਬੀਆ ਦੀ ਮੂਡ ਡਿਸਆਰਡਰ ਐਸੋਸੀਏਸ਼ਨ ਵੱਲੋਂ ਕੀਤਾ ਗਿਆ
ਮੂਡ ਡਿਸਆਰਡਰ ਦੇ ਸ਼ਿਕਾਰ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਕ੍ਰਿਪਾ ਕਰਕੇ www.mdabc.net ‘ਤੇ ਜਾਓ।
ਇਸ ਤੱਥ ਪਰਚੇ ਦੀ ਵਿੱਤੀ ਸਹਾਇਤਾ ਪ੍ਰੋਵਿੰਸ਼ੀਅਲ ਹੈਲਥ ਸਰਵਿਸ ਅਥਾਰਿਟੀ ਵੱਲੋਂ ਕੀਤੀ ਗਈ।

**Developed by the Mood Disorders Association of British Columbia.**
**For information on support for people with mood disorders and their families, please visit www.mdabc.net**
**Funding for this fact sheet was made possible by the Provincial Health Services Authority.**

**MOOD DISORDERS ASSOCIATION OF BRITISH COLUMBIA**

**BC Partners for Mental Health and Addictions Information**
www.heretohelp.bc.ca

202 - 2250 Commercial Drive Vancouver, BC V5N5P9 Tel: 604.873.0103 Fax: 604.873.3095
Email: mdabc@telus.net Website: www.mdabc.net BN: 89930 7854 RR001